ਸਰਕਾਰ "ਪਾਬੰਦੀਸ਼ੁਦਾ-ਟੈਸਟਿੰਗ ਐਲਾਨ " ਕਰਦੀ ਹੈ ਅਤੇ ਯਊ ਮਾ ਤੀ ਵਿਚ ਨਿਰਧਾਰਤ "ਸੀਮਿਤ ਖੇਤਰ" ਦੇ ਸੰਬੰਧ ਵਿੱਚ ਲਾਜ਼ਮੀ ਟੈਸਟਿੰਗ ਨੋਟਿਸ ਜਾਰੀ ਕਰਦੀ

*************************************************************************************

ਸਰਕਾਰ ਨੇ ਅੱਜ (26 ਜਨਵਰੀ) ਬਿਮਾਰੀ ਦੀ ਰੋਕਥਾਮ ਅਤੇ ਨਿਯੰਤਰਣ (ਕੁਝ ਵਿਅਕਤੀਆਂ ਲਈ ਲਾਜ਼ਮੀ ਪਰੀਖਿਆ) ਨਿਯਮ (ਕੈਪ. 599J) ਦੇ ਅਧੀਨ ਸ਼ਾਮ 7 ਵਜੇ ਤੋਂ ਇੱਕ, " ਪਾਬੰਦੀਸ਼ੁਦਾ- ਟੈਸਟਿੰਗ ਐਲਾਨ"(ਐਲਾਨ)ਨੂੰ ਲਾਗੂ ਕਰਨ ਲਈ ਆਪਣੀ ਤਾਕਤ ਦੀ ਵਰਤੋਂ ਕੀਤੀ ਹੈ ਜਿਸ ਦੁਆਰਾ ਯਾਓ ਮਾ ਤਈ(ਭਾਵ 9-27 Pitt Street ਅਤੇ 3 Tung On Street, ਨਾਲ ਦਿੱਤਾ ਨਕਸ਼ਾ ਵੇਖੋ) ਦੇ ਨਿਰਧਾਰਤ" ਸੀਮਤ ਖੇਤਰਾਂ ਦੇ ਅੰਦਰ ਰਹਿੰਦੇ ਲੋਕਾਂ "ਜੋ ਵਿਅਕਤੀ ਲਾਜ਼ਮੀ ਟੈਸਟਿੰਗ ਕਰਨ " ਦੇ ਅਧੀਨ ਆਉਂਦੇ ਨੂੰ ਉਹਨਾਂ ਦੇ ਘਰ ਵਿਚ ਰਹਿਣ ਦੀ ਅਤੇ ਸਰਕਾਰ ਦੁਆਰਾ ਕੀਤੇ ਪ੍ਰਬੰਧਾਂ ਦੇ ਅਨੁਸਾਰ ਲਾਜ਼ਮੀ ਟੈਸਟ ਕਰਵਾਉਣ ਦੀ ਲੋੜ ਹੈ। ਲਾਜ਼ਮੀ ਟੈਸਟਿੰਗ ਦੇ ਅਧੀਨ ਵਿਅਕਤੀਆਂ ਨੂੰ ਉਹਨਾਂ ਦੇ ਘਰ ਵਿੱਚ ਰਹਿਣਾ ਲਾਜ਼ਮੀ ਹੈ ਜਦੋਂ ਤੱਕ ਕਿ ਖੇਤਰ ਵਿੱਚ ਪਛਾਣੇ ਗਏ ਅਜਿਹੇ ਸਾਰੇ ਵਿਅਕਤੀਆਂ ਦੀ ਟੈਸਟਿੰਗ ਨਹੀਂ ਹੋ ਜਾਂਦੀ ਅਤੇ ਟੈਸਟ ਦੇ ਨਤੀਜੇ ਜ਼ਿਆਦਾਤਰ ਪਤਾ ਨਹੀਂ ਲੱਗ ਜਾਂਦੇ। ਠੋਸ ਯਤਨਾਂ ਨਾਲ ਜ਼ਿਲੇ ਵਿਚ ਜ਼ੀਰੋ ਕੇਸਾਂ ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ, ਸਰਕਾਰ ਦਾ ਇਸ ਕੰਮ ਨੂੰ ਖਤਮ ਕਰਨ ਦਾ ਟੀਚਾ (27 ਜਨਵਰੀ ) ਕੱਲ ਨੂੰ ਸਵੇਰੇ 6 ਵਜੇ ਤੱਕ ਹੈ।

ਇੱਕ ਸਰਕਾਰੀ ਬੁਲਾਰੇ ਨੇ ਕਿਹਾ, "ਕੈਪ 599J ਦੇ ਤਹਿਤ, ਸਰਕਾਰ, ਲਾਗ ਨੂੰ ਕੰਟਰੋਲ ਕਰਨ ਦੀਆਂ ਜ਼ਰੂਰਤਾਂ ਦੇ ਅਨੁਸਾਰ, ਇੱਕ ਲਾਜ਼ਮੀ-ਪਰੀਖਿਆ ਦਾ ਐਲਾਨ ਕਰ ਸਕਦੀ ਹੈ।"

"ਸਰਕਾਰ ਨੇ 15 - 27 Pitt Street ਅਤੇ 3 Tung On Street ਦੇ ਸੰਬੰਧ ਵਿੱਚ ਲਾਜ਼ਮੀ ਪ੍ਰੀਖਿਆ ਨੋਟਿਸ ਜਾਰੀ ਕੀਤਾ ਹੈ। ਹਾਲਾਂਕਿ , ਜਿਲ੍ਹੇ ਵਿੱਚ ਪ੍ਰਕੋਪ ਗੰਭੀਰ ਬਣਾ ਰਿਹਾ। 11 ਤੋਂ 25 ਜਨਵਰੀ, 2021 ਤੱਕ, ਉਪਰੋਕਤ 40 ਤੋਂ ਵੱਧ ਪੁਸ਼ਟੀ ਕੀਤੇ ਕੇਸ ਦਰਜ ਕੀਤੇ ਗਏ- ਇਲਾਕਿਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਤਿੰਨ ਇਮਾਰਤਾਂ ਸ਼ਾਮਲ ਹਨ। ਸਿਹਤ ਸੁਰੱਖਿਆ ਕੇਂਦਰ ਨੇ Pitt Street ਦੇ ਅੰਦਰ 'ਸੀਮਤ ਖੇਤਰ ਵਿੱਚ ਰਹਿਣ ਵਾਲੇ ਕੁੱਝ ਨਿਵਾਸੀਆਂ ਨੂੰ ਪਹਿਲਾਂ ਤੋਂ ਹਟਾਕੇ ਕੁਆਰੰਟੀਨ ਕੇਂਦਰ ਵਿੱਚ ਲੈ ਜਾ ਚੁੱਕੇ ਹਨ। ਵਸਨੀਕ ਸਥਿਤੀ ਤੋਂ ਚਿੰਤਤ ਹਨ।

"ਅਸੀ ਜਾਣਦੇ ਹਨ ਕਿ 'ਸੀਮਤ ਖੇਤਰ' ਵਿੱਚ ਉਹ ਇਮਾਰਤਾਂ ਮੁਕਾਬਲਤਨ ਪੁਰਾਣੀ ਹਨ ਅਤੇ ਰਖ ਰਖਾਵ ਦੀ ਕਮੀ ਹੈ, ਅਤੇ ਕਈ 'ਤਿੰਨ-ਨੀਲ ਇਮਾਰਤਾਂ' ਹਨ। ਸੱਬ ਡਿਵਾਡੇਡ ਫਲੈਟ ਆਮ ਹਨ ਅਤੇ ਕਮਿਊਨਿਟੀ ਵਿੱਚ ਲਾਗ ਦਾ ਜੋਖਮ ਕਾਫ਼ੀ ਜਿਆਦਾ ਹੈ।ਸੀਵਰੇਜ ਸਬੰਧਤ ਇਮਾਰਤਾਂ ਵਿੱਚ ਪਾਏ ਗਏ ਨਮੂਨਿਆਂ ਦਾ ਵੀ ਸਕਾਰਾਤਮਕ ਟੈਸਟ ਕੀਤਾ ਗਿਆ, ਜਿਸ ਨਾਲ ਸੰਭਾਵਤ ਤੌਰ ਤੇ ਲਾਗ ਦੇ ਜੋਖਮ ਦਾ ਸੰਕੇਤ ਹੋਇਆ। ਜੋਖਮ ਦੇ ਮੁਲਾਂਕਣ ਤੋਂ ਬਾਅਦ, ਅਸੀਂ ਸਮਝਦੇ ਹਾਂ ਕਿ ਜ਼ਿਲੇ ਵਿੱਚ ਪ੍ਰਸਾਰਣ ਲੜੀ ਨੂੰ ਤੋੜਨ ਅਤੇ ਜਿਲ੍ਹੇ ਵਿੱਚ ਨਿਵਾਸੀਆਂ ਦੀਆਂ ਚਿੰਤਾਵਾਂ ਨੂੰ ਦੂਰ ਕਰਣ ਲਈ 'ਸੀਮਤ ਖੇਤਰ' ਲਈ ਪਾਬੰਦੀ-ਜਾਂਚ ਘੋਸ਼ਣਾ ਜਾਰੀ ਕਰਨੀ ਜ਼ਰੂਰੀ ਹੈ।"

ਸਰਕਾਰ "ਸੀਮਤ ਖੇਤਰ" ਵਿੱਚ ਅਸਥਾਈ ਨਮੂਨਾ ਸੰਗ੍ਰਿਹ ਸਟੇਸ਼ਨ ਸਥਾਪਤ ਕਰੇਗੀ ਅਤੇ ਅੱਜ ਅੱਧੀ ਰਾਤ ਤੋਂ ਪਹਿਲਾਂ ਪ੍ਰੀਖਿਆ ਕਰਣ ਲਈ ਲਾਜ਼ਮੀ ਟੈਸਟ ਦੇ ਅਧੀਨ ਲੋਕਾਂ ਨੂੰ ਬੇਨਤੀ ਕਰੇਗੀ। ਲਾਜ਼ਮੀ ਟੈਸਟਿੰਗ ਦੇ ਅਧੀਨ ਲੋਕਾਂ ਲਈ ਨਮੂਨਾ ਸੰਗ੍ਰਿਹ ਸਟੇਸ਼ਨਾਂ ਉੱਤੇ ਨਿਊਕਲਿਕ ਏਸਿਡ ਪ੍ਰੀਖਿਆ ਕਰਾਉਣ ਦੀ ਵਿਵਸਥਾ ਕੀਤੀ ਜਾਵੇਗੀ ਜਿੱਥੇ ਸਮਰਪਤ ਕਰਮਚਾਰੀ ਨੱਕ ਅਤੇ ਗਲੇ ਦੋਨਾਂ ਦੇ ਸਵਾਬ ਦੇ ਨਮੂਨੇ ਇਕੱਠੇ ਕਰਨਗੇ। ਲਾਜ਼ਮੀ ਟੈਸਟਿੰਗ ਦੇ ਅਧੀਨ ਲੋਕਾਂ ਨੂੰ ਆਪਣੇ ਨਿਵਾਸ ਸਥਾਨ ਤੇ ਰਹਿਣਾ ਚਾਹੀਦਾ ਹੈ ਜਦੋਂ ਤੱਕ ਕਿ ਸਾਰੇ ਪ੍ਰੀਖਿਆ ਨਤੀਜੀਆਂ ਨੂੰ ਕਰਾਸ - ਸੰਕਰਮਣ ਜੋਖਮ ਤੋਂ ਬਚਾਉਣ ਲਈ ਪਤਾ ਨਹੀਂ ਲਗਾਇਆ ਜਾਂਦਾ ਹੈ। ਸਰਕਾਰ ਜਿਲ੍ਹੇ ਦੇ ਤੁਰਨ ਫਿਰਨ ਵਿੱਚ ਕਮਜ਼ੋਰ ਲੋਕਾਂ ਅਤੇ ਬੁਜ਼ੁਰਗਾਂ ਲਈ ਘਰ-ਘਰ ਜਾ ਕੇ ਨਮੂਨਾ ਲੈਣ ਦੀ ਵਿਵਸਥਾ ਕਰੇਗੀ ਜਾਂ ਫਿਰ ਉਨ੍ਹਾਂ ਦੇ ਲਈ ਡੂੰਘਾ ਗਲੇ ਦੀ ਥੁਕ ਦਾ ਨਮੂਨਾ ਆਪਣੇ ਆਪ ਇਕੱਠੇ ਕਰਨ ਅਤੇ ਜਮਾਂ ਕਰਾਉਣ ਦੀ ਵਿਵਸਥਾ ਕਰੇਗੀ।

"ਅਸੀਂ ਸਮਝਦੇ ਹਾਂ ਕਿ ਇਹ ਅਭਿਆਸ ਲੋਕਾਂ ਲਈ ਅਸੁਵਿਧਾ ਦਾ ਕਾਰਨ ਬਣੇਗਾ। ਸਰਕਾਰ ਨੇ 'ਸੀਮਤ ਖੇਤਰ' ਵਿੱਚ ਮੌਜੂਦ ਸਾਰੇ ਵਿਅਕਤੀਆਂ ਲਈ ਰਾਤ ਦੇ ਸਮੇਂ ਰਾਤ ਲੋਕਾਂ ਦੀ ਕੰਮ ਤੋਂ ਛੁੱਟੀ ਹੋਣ ਦੇ ਬਾਅਦ ਜਿੰਨੀ ਜਲਦੀ ਸੰਭਵ ਹੋ ਸਕੇ, ਟੈਸਟ ਕਰਵਾਉਣ ਦਾ ਪ੍ਰਬੰਧ ਕੀਤਾ ਹੈ। ਇਸਦਾ

ਉਦੇਸ਼ ਲਾਜ਼ਮੀ ਪ੍ਰੀਖਿਆ ਦੇ ਅਧੀਨ ਸਾਰੇ ਪਹਿਚਾਣੇ ਗਏ ਲੋਕਾਂ ਦੀ ਪ੍ਰੀਖਿਆ ਨੂੰ ਪੂਰਾ ਕਰਨਾ ਅਤੇ ਨਤੀਜੀਆਂ ਦੀ ਪੁਸ਼ਟੀ ਕਰਨ ਦੀ ਕੋਸ਼ਿਸ਼ ਕਰਨਾ ਹੈ , ਅਤੇ ਤਾਂ ਜੋ ਕੱਲ ਸਵੇਰੇ ਲਗਭਗ 6 ਵਜੇ ਅਭਿਆਸ ਖ਼ਤਮ ਕਰਕੇ ਨਿਵਾਸੀਆਂ ਨੂੰ ਸਵੇਰੇ 6 ਵਜੇ ਕੰਮ ਕਰਨ ਦੀ ਆਗਿਆ ਮਿਲ ਸਕੇ । ਜਦੋਂ ਐਲਾਨ ਅਧਿਕਾਰਤ ਤੌਰ 'ਤੇ ਖਤਮ ਹੋਵੇਗਾ ਤਾਂ ਸਰਕਾਰ ਜਨਤਕ ਘੋਸ਼ਣਾ ਕਰੇਗੀ । ਜੇਕਰ ਇਸ ਘੋਸ਼ਣਾ ਦੇ ਕਾਰਨ ਕਰਮਚਾਰੀ ਕੰਮ 'ਤੇ ਜਾਣ ਤੋਂ ਅਸਮਰੱਥ ਹਨ, ਸਰਕਾਰ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਮਾਲਕ ਵਿਵੇਕਸ਼ੀਲਤਾ ਵਰਤ ਸਕਦੇ ਹਨ ਅਤੇ ਕਰਮਚਾਰੀਆਂ ਤੋਂ ਤਨਖਾਹ ਜਾਂ ਮੁਨਾਫ਼ਾ ਨਹੀਂ ਕਟਣਗੇ ।

"ਪਿਛਲੇ ਹਫਤੇ ਵਿੱਚ, 7,000 ਤੋਂ ਵੱਧ ਲੋਕਾਂ ਦੇ ਪਹਿਲਾਂ ਹੀ ਜੌਰਡਨ ਵਿੱਚ ਨਿਰਧਾਰਤ' ਸੀਮਿਤ ਖੇਤਰ 'ਵਿੱਚ ਟੈਸਟ ਕਰਵਾਏ ਗਏ ਸਨ । ਸਰਕਾਰ ਨੇ ਉਨ੍ਹਾਂ ਦੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ । ਹਾਲਾਂਕਿ, ਯੌ ਮਾ ਤੇਈ ਜ਼ਿਲੇ ਵਿੱਚ ਸੰਚਾਰ ਚੇਨ ਨੂੰ ਪੂਰੀ ਤਰ੍ਹਾਂ ਤੋੜਨ ਲਈ, ਸਾਨੂੰ ਲੱਗਦਾ ਹੈ ਕਿ ਜਿਲ੍ਹੇ ਦੇ ਹੋਰ ਖੇਤਰਾਂ ਲਈ ਇੱਕ ਨਵੀਂ ਘੋਸ਼ਣਾ ਕਰਨਾ ਜ਼ਰੂਰੀ ਹੈ ਜਿਸ ਵਿੱਚ ਲਾਗ ਦਾ ਜੋਖਮ ਜਿਆਦਾ ਹੈ । ਜੋ ਲੋਕ ਪਹਿਲਾਂ ਟੈਸਟ ਕਰਵਾ ਚੁੱਕੇ ਸਨ, ਲਾਜ਼ਮੀ ਟੈਸਟਿੰਗ ਨੋਟਿਸਾਂ ਦੇ ਅਧੀਨ ਟੈਸਟਿੰਗ ਸਹਿਤ, ਘੋਸ਼ਣਾ ਪਰਭਾਵੀ ਹੋਣ ਤੋਂ ਪਹਿਲਾਂ ਫਿਰ ਤੋਂ ਟੈਸਟ ਕਰਵਾਉਣਾ ਜ਼ਰੂਰੀ ਹੋਵੇਗ ।

"ਸੀਮਤ ਖੇਤਰ" ਦੇ ਅੰਦਰ ਜਨਤਕ ਅਤੇ ਐਮਰਜੈਂਸੀ ਸੇਵਾਵਾਂ ਨੂੰ ਕਾਇਮ ਰੱਖਣ ਲਈ, ਸਰਕਾਰ ਅਤੇ ਸਬੰਧਤ ਕੰਮ ਕਰਨ ਵਾਲੇ ਸਟਾਫ (ਜਿਵੇਂ ਸਿਹਤ ਸੰਭਾਲ ਅਧਿਕਾਰੀ ਅਤੇ ਹੋਰ ਅਧਿਕਾਰੀ, ਸਰਕਾਰ ਦੁਆਰਾ ਲਗਾਏ ਟੈਸਟਿੰਗ ਸਰਵਿਸ ਪ੍ਰੋਵਾਈਡਰ, ਸਫਾਈ ਸੇਵਾ ਪ੍ਰਦਾਤਾ, ਆਦਿ) ਨੂੰ ਦਾਖਲ ਹੋਣ ਦੀ ਆਗਿਆ ਹੈ ਅਤੇ "ਸੀਮਤ ਖੇਤਰ" ਪਰਵੇਸ਼ ਕਰਣ ਅਤੇ ਛੱਡਣ ਦੀ ਆਗਿਆ ਹੈ ਜਦੋਂ ਕਿ ਵਿਅਕਤੀਗਤ ਜਾਣਕਾਰੀ ਅਤੇ ਸੰਪਰਕ ਦਿੱਤੇ ਜਾਂਦੇ ਹਨ ਅਤੇ ਨਾਲ ਹੀ ਕੁਝ ਖਾਸ ਲਾਗ ਨਿਯੰਤਰਣ ਨਿਰਦੇਸ਼ਾਂ ਦੀ ਪਾਲਣ ਕੀਤੀ ਜਾਂਦੀ ਹੈ (ਜਿਸ ਵਿੱਚ ਟੈਸਟ ਦੇ ਨਤੀਜਿਆਂ ਦੀ ਉਡੀਕ ਕੀਤੇ ਬਿਨਾਂ "ਸੀਮਤ ਖੇਤਰ" ਛੱਡਣ ਤੋਂ ਪਹਿਲਾਂ ਟੈਸਟਿੰਗ ਕਰਵਾਉਣਾ ਸ਼ਾਮਲ ਹੈ) ।

ਸਰਕਾਰ ਨੇ ਘੋਸ਼ਣਾ ਦੁਆਰਾ ਪਾਬੰਦੀਸ਼ੁਦਾ ਵਸਨੀਕਾਂ ਲਈ ਖਾਣ ਪੀਣ ਦੇ ਸਾਧਾਰਣ ਅਤੇ ਬੁਨਿਆਦੀ ਸਫਾਈ ਦੇ ਸਾਧਨ ਤਿਆਰ ਕੀਤੇ ਹਨ । ਗ੍ਰਹਿ ਮਾਮਲੇ ਵਿਭਾਗ ਨੇ ਘੱਟ ਗਿਣਤੀ ਲੋਕਾਂ ਲਈ ਇੱਕ ਹਾਟਲਾਈਨ (ਟੈਲੀ: 2572 8427) ਅਤੇ ਸਮਰਪਿਤ ਹਾਟਲਾਈਨ (ਟੈਲੀ: 3755 6816) ਸਥਾਪਤ ਕੀਤੀ ਹੈ। ਘੋਸ਼ਣਾ ਦੁਆਰਾ ਪਾਬੰਦੀਸ਼ੁਦਾ ਨਿਵਾਸੀਆਂ ਲਈ ਪੁੱਛਗਿਛ ਕਰਨ ਅਤੇ ਸਹਾਇਤਾ ਲਈ ਅੱਜ ਸ਼ਾਮ 7 ਵਜੇ ਤੋਂ ਇਹ ਹਾਟਲਾਇਨ ਸੰਚਾਲਨ ਕਰੇਗੀ । ਸਮਾਜ ਭਲਾਈ ਵਿਭਾਗ ਪ੍ਰਭਾਵਿਤ ਵਿਅਕਤੀਆਂ ਨੂੰ ਸਹਾਇਤਾ ਵੀ ਪ੍ਰਦਾਨ ਕਰੇਗਾ।

ਸਰਕਾਰ ਸਮਝਦੀ ਹੈ ਕਿ ਜ਼ਿਲੇ ਦੇ ਵਸਨੀਕ ਹਾਲ ਦੇ ਦਿਨਾਂ ਵਿੱਚ ਪੁਸ਼ਟੀ ਕੀਤੇ ਮਾਮਲਿਆਂ ਵਿੱਚ ਵਾਧੇ ਕਾਰਨ ਚਿੰਤਤ ਅਤੇ ਵਿਆਕੁਲ ਹਨ। ਮਹਾਂਮਾਰੀ ਦੇ ਤਹਿਤ, ਖੇਤਰ ਵਿੱਚ ਕਾਰੋਬਾਰਾਂ ਨੂੰ ਭਾਰੀ ਮਾਰ ਪਈ ਹੈ ਅਤੇ ਇੱਕ ਠਹਰਾਵ ਆ ਗਿਆ ਹੈ । ਵਸਨੀਕਾਂ ਦੀ ਰੋਜ਼ੀ ਰੋਟੀ ਵੀ ਪ੍ਰਭਾਵਤ ਹੋਈ ਹੈ। ਸਰਕਾਰ ਨੂੰ ਉਮੀਦ ਹੈ ਕਿ ਇਸ ਅਸਥਾਈ ਤੌਰ 'ਤੇ ਅਸੁਵਿਧਾ ਸਥਾਨਕ ਪ੍ਰਸਾਰਣ ਚੇਨ ਨੂੰ ਪੂਰੀ ਤਰ੍ਹਾਂ ਕੱਟ ਦੇਵੇਗੀ ਅਤੇ ਵਸਨੀਕਾਂ ਦੀਆਂ ਚਿੰਤਾਵਾਂ ਅਤੇ ਡਰ ਨੂੰ ਘਟਾ ਦੇਵੇਗੀ, ਤਾਂ ਜੋ ਉਹ ਖੇਤਰ ਵਿੱਚ ਸਮਾਜਿਕ ਅਤੇ ਵਪਾਰਕ ਗਤੀਵਿਧੀਆਂ ਮੁੜ ਸ਼ੁਰੂ ਕਰਨ ਵਿੱਚ ਵਿਸ਼ਵਾਸ ਪ੍ਰਾਪਤ ਕਰਨ, ਅਤੇ ਇਕ ਆਮ ਜ਼ਿੰਦਗੀ ਵਿਚ ਵਾਪਸ ਆਉਣ ।

ਸਰਕਾਰ ਲਾਜ਼ਮੀ ਪ੍ਰੀਖਿਆ ਦੇ ਅਧੀਨ ਲੋਕਾਂ ਨੂੰ ਲਾਜ਼ਮੀ ਪ੍ਰੀਖਿਆ ਲਈ ਪੰਜੀਕਰਣ ਅਤੇ ਪ੍ਰੀਖਿਆ ਕਰਵਾਉਣ , ਅਤੇ ਘਰ ਵਿੱਚ ਰਹਿਕੇ ਸਬਰ ਨਾਲ ਨਤੀਜੇ ਦੀ ਉਡੀਕ ਕਰ ਪੂਰਾ ਸਹਿਯੋਗ ਦੇਣ ਦੀ ਅਪੀਲ ਕਰਦੀ ਹੈ । ਕੋਈ ਵੀ ਵਿਅਕਤੀ ਜੋ ਪਾਬੰਦੀ-ਜਾਂਚ ਦੀ ਘੋਸ਼ਣਾ ਦੀ ਉਲੰਘਣਾ ਕਰਦਾ ਹੈ, ਉਹ ਇੱਕ ਜੁਰਮ ਕਰਦਾ ਹੈ ਅਤੇ ਵੱਧ ਤੋਂ ਵੱਧ ਪੱਧਰ 4 ($25,000) ਦਾ ਜੁਰਮਾਨਾ ਹੋ ਸਕਦਾ ਹੈ ਅਤੇ ਛੇ ਮਹੀਨੇ ਲਈ ਮਹੀਨਿਆਂ ਦੀ ਕੈਦ ਹੋ ਸਕਦੀ ਹੈ ।

ਸਮਾਪਤ / ਮੰਗਲਵਾਰ, 26 ਜਨਵਰੀ, 2021
HKT 21:44 'ਤੇ ਜਾਰੀ ਕੀਤਾ